




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS


Daily Digital Edition






Reg No: AAG1353 | Ludhiana, Thursday 23 April, 2026 | website: www.cee7news.com


## ਆਂਗਨਵਾੜੀ ਹੈਲਪਰ ਦਾ ਕਤਲ




ਸ੍ਰੀ ਮੁਕਤਸਰ ਸਾਹਿਬ ਵਿਖੇ ਹਲਕਾ ਲੰਬੀ ਦੇ ਪਿੰਡ ਫਤਿਹਪੁਰ ਮਨੀਆ ’ਚ ਆਂਗਣਵਾੜੀ ਸੈਂਟਰ ਵਿਚ ਹੈਲਪਰ ਵਜੋਂ ਕੰਮ ਕਰਦੀ ਇਕ ਔਰਤ ਦਾ ਅਣਪਛਾਤੇ ਵਿਅਕਤੀ ਨੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ।ਹਰਬੰਸ ਸਿੰਘ ਡੀ.ਐਸ.ਪੀ. ਲੰਬੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਮਨਦੀਪ ਕੌਰ ਪਤਨੀ ਬੂਟਾ ਸਿੰਘ ਵਾਸੀ ਫਤਿਹਪੁਰ ਮਨੀਆ ਸਵੇਰੇ ਆਂਗਨਵਾੜੀ ਸੈਂਟਰ ਵਿਚ ਸਫ਼ਾਈ ਕਰ ਰਹੀ ਸੀ, ਉਸ ਸਮੇਂ ਅਣਪਛਾਤੇ ਵਿਅਕਤੀ ਨੇ ਤੇਜ਼ਧਾਰ ਹਥਿਆਰ ਨਾਲ ਉਸ ਦਾ ਕਤਲ ਕਰ ਦਿੱਤਾ ਅਤੇ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮੁਲਜ਼ਮ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## 5 ਰੁਪਏ ਪ੍ਰਤੀ ਕਿਲੋ ਮਹਿੰਗਾ ਹੋਵੇਗਾ ਦੁੱਧ



ਵਧਦੀ ਮਹਿੰਗਾਈ ਅਤੇ ਮਜ਼ਦੂਰ ਸੰਕਟ ਦੇ ਚਲਦਿਆਂ ਲੁਧਿਆਣਾ ਸ਼ਹਿਰ ’ਚ ਦੁੱਧ ਦੀਆਂ ਕੀਮਤਾਂ ਵਧਾਉਣ ਦਾ ਫੈਸਲਾ ਲਿਆ ਗਿਆ ਹੈ । ਹੈਬੋਵਾਲ ਅਤੇ ਤਾਜਪੁਰ ਰੋਡ ’ਤੇ ਡੇਅਰੀ ਐਸੋਸੀਏਸ਼ਨਾਂ ਦੀ ਹੋਈ ਮੀਟਿੰਗ ਦੌਰਾਨ ਦੁੱਧ ਦੀਆਂ ਕੀਮਤਾਂ ਵਧਾਉਣ ਸਬੰਧੀ ਫ਼ੈਸਲਾ ਕੀਤਾ ਗਿਆ। ਦੁੱਧ ਦੀਆਂ ਇਹ ਵਧੀਆਂ ਕੀਮਤਾਂ 1 ਮਈ 2026 ਤੋਂ ਲਾਗੂ ਹੋਣਗੀਆਂ। ਇਸ ਫੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਡੇਅਰੀ ਐਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਲਾਹੌਰੀਆ ਅਤੇ ਚੇਅਰਮੈਨ ਪਰਮਿੰਦਰ ਸਿੰਘ ਬੌਬੀ ਨੇ ਦੱਸਿਆ ਕਿ ਡੇਅਰੀ ਐਸੋਸੀਏਸ਼ਨ ਦੀ ਇਕ ਸਾਂਝੀ ਮੀਟਿੰਗ ਹੋਈ ਅਤੇ ਇਸ ਮੀਟਿੰਗ ਦੌਰਾਨ ਇੱਕ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਮੌਜੂਦਾ ਦਰਾਂ 'ਤੇ ਦੁੱਧ ਦੀ ਸਪਲਾਈ ਕਰਨਾ ਹੁਣ ਸੰਭਵ ਨਹੀਂ ਹੈ, ਜਿਸ ਤੋਂ ਬਾਅਦ ਦੁੱਧ ਦੀਆਂ ਕੀਮਤਾਂ ਵਿਚ 5 ਰੁਪਏ ਪ੍ਰਤੀ ਕਿਲੋਗ੍ਰਾਮ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਇਹ ਸੋਧੀਆਂ ਦਰਾਂ ਪੂਰੇ ਲੁਧਿਆਣਾ ਸ਼ਹਿਰ ਵਿੱਚ ਲਾਗੂ ਹੋਣਗੀਆਂ। ਐਸੋਸੀਏਸ਼ਨ ਦੇ ਅਨੁਸਾਰ ਲਗਾਤਾਰ ਵਧ ਰਹੀ ਮਹਿੰਗਾਈ ਕਾਰਨ ਪਸ਼ੂਆਂ ਦੇ ਚਾਰੇ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ । ਇਸ ਦੇ ਨਾਲ ਹੀ ਖੇਤਰ ਮਜ਼ਦੂਰਾਂ ਦੀ ਘਾਟ ਅਤੇ ਵਧਦੀ ਤਨਖਾਹ ਦੀ ਮੰਗ ਨਾਲ ਜੂਝ ਰਿਹਾ ਹੈ। ਇਸ ਤੋਂ ਇਲਾਵਾ, ਗੈਸ ਸਿਲੰਡਰਾਂ ਦੀ ਉਪਲਬਧਤਾ ਕਾਰਨ ਕੰਮਕਾਜ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਐਸੋਸੀਏਸ਼ਨ ਨੇ ਨੋਟ ਕੀਤਾ ਕਿ ਮੌਜੂਦਾ ਅੰਤਰਰਾਸ਼ਟਰੀ ਸਥਿਤੀ (ਖਾਸ ਕਰਕੇ, ਚੱਲ ਰਹੇ ਟਕਰਾਅ) ਦਾ ਪ੍ਰਭਾਵ ਡੇਅਰੀ ਕਾਰੋਬਾਰ ਦੇ ਸੰਚਾਲਨ ਨੂੰ ਕਾਇਮ ਰੱਖਣਾ ਮੁਸ਼ਕਲ ਬਣਾ ਰਿਹਾ ਹੈ।ਸ਼ਹਿਰ ਨਿਵਾਸੀਆਂ ਨੂੰ ਉਨ੍ਹਾਂ ਦੇ ਸਹਿਯੋਗ ਦੀ ਅਪੀਲ ਕਰਦੇ ਹੋਏ, ਡੇਅਰੀ ਐਸੋਸੀਏਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ, ਮੌਜੂਦਾ ਹਾਲਾਤਾਂ ਨੂੰ ਦੇਖਦੇ ਹੋਏ, ਕੀਮਤਾਂ ਵਧਾਉਣਾ ਇੱਕ ਮੁੱਖ ਲੋੜ ਬਣ ਗਈ ਹੈ । ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਡੇਅਰੀ ਯੂਨਿਟਾਂ ਨੂੰ ਮੁੱਖ ਤੌਰ 'ਤੇ ਮਜ਼ਦੂਰਾਂ ਦੀ ਘਾਟ ਕਾਰਨ ਗੰਭੀਰਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋਧੀਆਂ ਦਰਾਂ ਅਨੁਸਾਰ 1 ਮਈ 65 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਕੀਮਤ ਵਾਲਾ ਦੁੱਧ ਹੁਣ 70 ਰੁਪਏ ਹੋਵੇਗਾ,70 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਕੀਮਤ ਵਾਲਾ ਦੁੱਧ ਹੁਣ 75 ਰੁਪਏ ਹੋਵੇਗਾ,75 ਰੁਪਏ ਪ੍ਰਤੀ ਕਿਲੋਗ੍ਰਾਮ ਦੀ ਕੀਮਤ ਵਾਲਾ ਦੁੱਧ ਹੁਣ 80 ਰੁਪਏ ਪ੍ਰਤੀ ਕਿਲੋਗ੍ਰਾਮ ਮਿਲੇਗਾ।

## Cee7News ਗੁਜ਼ਾਰਾ ਭੱਤੇ 'ਤੇ ਹਾਈ ਕੋਰਟ ਦਾ ਅਹਿਮ ਫੈਸਲਾ ਪਤਨੀ ਅਤੇ ਬੱਚਿਆਂ ਨੂੰ ਮਿਲੇਗਾ ਉਨ੍ਹਾਂ ਦਾ ਬਣਦਾ ਹੱਕ

## ਹਾਈ ਕੋਰਟ ਦੀ ਅਹਿਮ ਟਿੱਪਣੀ ਪਤਨੀ ਅਤੇ ਬੱਚਿਆਂ ਦੀ ਦੇਖਭਾਲ ਕਰਨਾ ਪਤੀ ਦੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਤਨੀ ਅਤੇ ਬੱਚੇ ਦੇ ਗੁਜ਼ਾਰਾ ਭੱਤੇ ਨੂੰ ਲੈ ਕੇ ਅੱਜ ਇੱਕ ਅਹਿਮ ਫੈਸਲਾ ਸੁਣਾਇਆ ਹੈ। ਅਦਾਲਤ ਨੇ ਪਤੀ ਦੀ ਆਪਣੀ ਪਤਨੀ ਅਤੇ ਬੱਚੇ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਨੂੰ ਕਾਨੂੰਨੀ ਫਰਜ਼ ਕਰਾਰ ਦਿੱਤਾ ਹੈ। ਅਦਾਲਤ ਨੇ ਸਪਸ਼ਟ ਕੀਤਾ ਹੈ ਕਿ ਨਿੱਜੀ ਕਰਜ ਜਾਂ ਹੋਰ ਵਿੱਤੀ ਦੇਣਦਾਰੀਆਂ ਇਸ ਕਾਨੂੰਨੀ ਫਰਜ਼ ਨੂੰ ਘੱਟ ਨਹੀਂ ਕਰ ਸਕਦੀਆਂ।

ਜਸਟਿਸ ਸ਼ਾਲਿਨੀ ਸਿੰਘ ਨਾਗਪਾਲ ਨੇ ਇੱਕ ਫੈਮਿਲੀ ਕੋਰਟ ਦੇ ਫੈਸਲੇ ਵਿਰੁੱਧ ਪਤੀ ਦੀ ਅਪੀਲ ਨੂੰ ਖਾਰਜ ਕਰਦਿਆਂ ਕਿਹਾ ਕਿ ਕਾਨੂੰਨ ਕਿਸੇ ਪਤੀ ਨੂੰ ਇਹ ਇਜਾਜ਼ਤ ਨਹੀਂ ਦਿੰਦਾ ਕਿ ਉਹ ਕਰਜ਼ੇ ਦੀਆਂ ਕਿਸ਼ਤਾਂ ਜਾਂ ਆਪਣੇ ਨਿੱਜੀ ਖਰਚਿਆਂ ਦਾ ਹਵਾਲਾ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਜਾਵੇ। ਅਦਾਲਤ ਨੇ ਕਿਹਾ ਕਿ ਪਤਨੀ ਅਤੇ ਬੱਚੇ ਦੀਆਂ ਜਾਇਜ਼ ਲੋੜਾਂ ਪੂਰੀਆਂ ਕਰਨਾ ਪਤੀ ਦਾ ਨੈਤਿਕ ਅਤੇ ਕਾਨੂੰਨੀ ਫਰਜ਼ ਹੈ।ਆਪਣੇ ਫੈਸਲੇ ਵਿੱਚ ਕਿਹਾ ਕਿ ਪਤਨੀ ਅਤੇ ਬੱਚਾ ਉਸੇ ਤਰ੍ਹਾਂ ਦਾ ਜੀਵਨ ਜਿਉਣ ਦੇ ਹੱਕਦਾਰ ਹਨ ਜਿਸ ਤਰ੍ਹਾਂ ਦਾ ਉਹ ਆਪਣੇ ਸਹੁਰੇ ਘਰ ਵਿੱਚ ਰਹਿਣ ਦੌਰਾਨ ਮਾਣਦੇ ਸਨ। ਗੁਜ਼ਾਰਾ ਭੱਤੇ ਦਾ ਮਤਲਬ ਸਿਰਫ਼ ਸਾਹ ਲੈਣਾ ਜਾਂ ਜਿਉਂਦੇ ਰਹਿਣਾ ਨਹੀਂ ਹੈ, ਸਗੋਂ ਇਹ ਪਤਨੀ ਨੂੰ ਉਸੇ ਪੱਧਰ ਦੀ ਜ਼ਿੰਦਗੀ ਦੇਣਾ ਹੈ ਜੋ ਉਸ ਨੂੰ ਪਹਿਲਾਂ ਮਿਲਦੀ ਰਹੀ ਹੈ।ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਪਤੀ ਸਰੀਰਕ ਤੌਰ 'ਤੇ ਤੰਦਰੁਸਤ ਹੈ ਤਾਂ ਉਸਦਾ ਇਹ ਫਰਜ਼ ਬਣਦਾ ਹੈ ਕਿ ਉਹ ਭਾਵੇਂ ਮਿਹਨਤ ਮਜ਼ਦੂਰੀ ਕਰੇ ਪਰ ਆਪਣੇ ਪਰਿਵਾਰ ਨੂੰ ਵਿੱਤੀ ਸਹਾਇਤਾ ਜ਼ਰੂਰ ਦੇਵੇ। ਅਦਾਲਤ ਨੇ ਦੇਖਿਆ ਕਿ ਅਕਸਰ ਅਜਿਹੇ ਮਾਮਲਿਆਂ ਵਿੱਚ ਪਤੀ ਆਪਣੀ ਕਮਾਈ ਘੱਟ ਦਿਖਾਉਂਦੇ ਹਨ ਪਰ ਆਪਣੇ ਆਪ ’ਤੇ ਜ਼ਿਆਦਾ ਖਰਚ ਕਰਦੇ ਹਨ, ਜੋ ਕਿ ਗਲਤ ਹੈ।

ਇਸ ਮਾਮਲੇ ਵਿੱਚ ਫੈਮਿਲੀ ਕੋਰਟ ਨੇ ਪਤਨੀ ਨੂੰ 15,000 ਰੁਪਏ ਅਤੇ ਬੱਚੇ ਨੂੰ 5,000 ਰੁਪਏ ਪ੍ਰਤੀ ਮਹੀਨਾ ਦੇਣ ਦਾ ਫੈਸਲਾ ਸੁਣਾਇਆ ਸੀ। ਹਾਈ ਕੋਰਟ ਨੇ ਇਸ ਵਿੱਚ ਦਖ਼ਲ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਰਾਸ਼ੀ ਬਿਲਕੁਲ ਸਹੀ ਅਤੇ ਸੰਤੁਲਿਤ ਹੈ। ਅਦਾਲਤ ਅਨੁਸਾਰ ਇਹ ਕਾਨੂੰਨ ਸਮਾਜਿਕ ਨਿਆਂ ਲਈ ਬਣਾਇਆ ਗਿਆ ਹੈ ਤਾਂ ਕਿ ਕਿਸੇ ਔਰਤ ਨੂੰ ਆਰਥਿਕ ਤੰਗੀ ਕਾਰਨ ਦਰ-ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ। ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਪਤੀ ਸਰੀਰਕ ਤੌਰ 'ਤੇ ਤੰਦਰੁਸਤ ਹੈ ਤਾਂ ਉਸਦਾ ਇਹ ਫਰਜ਼ ਬਣਦਾ ਹੈ ਕਿ




ਉਹ ਭਾਵੇਂ ਮਿਹਨਤ ਮਜ਼ਦੂਰੀ ਕਰੇ ਪਰ ਆਪਣੇ ਪਰਿਵਾਰ ਨੂੰ ਵਿੱਤੀ ਸਹਾਇਤਾ ਜ਼ਰੂਰ ਦੇਵੇ। ਅਦਾਲਤ ਨੇ ਦੇਖਿਆ ਕਿ ਅਕਸਰ ਅਜਿਹੇ ਮਾਮਲਿਆਂ ਵਿੱਚ ਪਤੀ ਆਪਣੀ ਕਮਾਈ ਘੱਟ ਦਿਖਾਉਂਦੇ ਹਨ ਪਰ ਆਪਣੇ ਆਪ ’ਤੇ ਜ਼ਿਆਦਾ ਖਰਚ ਕਰਦੇ ਹਨ, ਜੋ ਕਿ ਗਲਤ ਹੈ।

ਇਸ ਮਾਮਲੇ ਵਿੱਚ ਫੈਮਿਲੀ ਕੋਰਟ ਨੇ ਪਤਨੀ ਨੂੰ 15,000 ਰੁਪਏ ਅਤੇ ਬੱਚੇ ਨੂੰ 5,000 ਰੁਪਏ ਪ੍ਰਤੀ ਮਹੀਨਾ ਦੇਣ ਦਾ ਫੈਸਲਾ ਸੁਣਾਇਆ ਸੀ। ਹਾਈ ਕੋਰਟ ਨੇ ਇਸ ਵਿੱਚ ਦਖ਼ਲ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਰਾਸ਼ੀ ਬਿਲਕੁਲ ਸਹੀ ਅਤੇ ਸੰਤੁਲਿਤ ਹੈ। ਅਦਾਲਤ ਅਨੁਸਾਰ ਇਹ ਕਾਨੂੰਨ ਸਮਾਜਿਕ ਨਿਆਂ ਲਈ ਬਣਾਇਆ ਗਿਆ ਹੈ ਤਾਂ ਕਿ ਕਿਸੇ ਔਰਤ ਨੂੰ ਆਰਥਿਕ ਤੰਗੀ ਕਾਰਨ ਦਰ-ਦਰ ਦੀਆਂ ਠੋਕਰਾਂ ਨਾ ਖਾਣੀਆਂ ਪੈਣ। ਜੇਕਰ ਕੋਈ ਪਤੀ ਇਸ ਕਾਨੂੰਨੀ ਹੁਕਮ ਦੀ ਉਲੰਘਣਾ ਕਰਦਾ ਹੈ ਤਾਂ ਸਥਾਨਕ ਪੁਲੀਸ ਰਾਹੀਂ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

## Cee7News ਸੋਨੇ ਦੀਆਂ ਕੀਮਤਾਂ 'ਚ ਮਾਮੂਲੀ ਗਿਰਾਵਟ ਅਤੇ 24 ਕੈਰੇਟ ਸੋਨਾ ਹੁਣ 152,250 ਰੁਪਏ ਦੇ ਪੱਧਰ 'ਤੇ ਪਹੁੰਚਿਆ

## ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਗਿਰਾਵਟ ਦੇਖਣ ਨੂੰ ਮਿਲੀ।

ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਅਨੁਸਾਰ, 10 ਗ੍ਰਾਮ 24 ਕੈਰੇਟ ਸੋਨੇ ਦੀ ਕੀਮਤ 105 ਰੁਪਏ ਡਿੱਗ ਕੇ 152,250 ਰੁਪਏ 'ਤੇ ਪਹੁੰਚ ਗਈ ਹੈ । ਇਸ ਤੋਂ ਪਹਿਲਾਂ 21 ਅਪ੍ਰੈਲ ਨੂੰ ਇਸ ਦੀ ਕੀਮਤ 152,355 ਰੁਪਏ ਪ੍ਰਤੀ 10 ਗ੍ਰਾਮ ਸੀ। ਇਸ ਦੌਰਾਨ ਇੱਕ ਕਿਲੋਗ੍ਰਾਮ ਚਾਂਦੀ ਦੀ ਕੀਮਤ 836 ਰੁਪਏ ਡਿੱਗ ਕੇ 249,677 ਰੁਪਏ 'ਤੇ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ, ਇਸਦੀ ਕੀਮਤ 250,513 ਰੁਪਏ ਪ੍ਰਤੀ ਕਿਲੋਗ੍ਰਾਮ ਸੀ।

ਜ਼ਿਕਰਯੋਗ ਹੈ ਕਿ ਇਸ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਲਗਾਤਾਰ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ। 2026 ਵਿੱਚ ਹੁਣ ਤੱਕ ਸੋਨਾ 19,000 ਅਤੇ ਚਾਂਦੀ 20,000 ਮਹਿੰਗਾ ਹੋ ਗਿਆ ਹੈ । 31 ਦਸੰਬਰ 2025 ਨੂੰ 10 ਗ੍ਰਾਮ ਸੋਨੇ ਦੀ ਕੀਮਤ 1.33 ਲੱਖ ਸੀ ਜੋ ਹੁਣ 1.52 ਲੱਖ ਹੋ ਗਈ ਹੈ। ਇਸ ਦੌਰਾਨ ਚਾਂਦੀ ਦੀ ਕੀਮਤ 2.30 ਲੱਖ ਪ੍ਰਤੀ ਕਿਲੋਗ੍ਰਾਮ ਸੀ ਜੋ ਕਿ ਹੁਣ 2.50 ਲੱਖ ਤੱਕ ਪਹੁੰਚ ਗਈ ਹੈਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਗਿਰਾਵਟ ਦੇਖਣ ਨੂੰ ਮਿਲੀ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਅਨੁਸਾਰ, 10 ਗ੍ਰਾਮ 24 ਕੈਰੇਟ ਸੋਨੇ ਦੀ ਕੀਮਤ 105 ਰੁਪਏ ਡਿੱਗ ਕੇ 152,250 ਰੁਪਏ 'ਤੇ ਪਹੁੰਚ ਗਈ ਹੈ । ਇਸ ਤੋਂ ਪਹਿਲਾਂ 21 ਅਪ੍ਰੈਲ ਨੂੰ ਇਸ ਦੀ ਕੀਮਤ 152,355 ਰੁਪਏ ਪ੍ਰਤੀ 10 ਗ੍ਰਾਮ ਸੀ। ਇਸ ਦੌਰਾਨ ਇੱਕ ਕਿਲੋਗ੍ਰਾਮ ਚਾਂਦੀ ਦੀ ਕੀਮਤ 836 ਰੁਪਏ ਡਿੱਗ ਕੇ 249,677 ਰੁਪਏ 'ਤੇ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ, ਇਸਦੀ ਕੀਮਤ 250,513 ਰੁਪਏ ਪ੍ਰਤੀ ਕਿਲੋਗ੍ਰਾਮ ਸੀ।

ਜ਼ਿਕਰਯੋਗ ਹੈ ਕਿ ਇਸ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਲਗਾਤਾਰ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ। 2026 ਵਿੱਚ ਹੁਣ ਤੱਕ ਸੋਨਾ 19,000 ਅਤੇ ਚਾਂਦੀ 20,000 ਮਹਿੰਗਾ ਹੋ ਗਿਆ ਹੈ । 31 ਦਸੰਬਰ 2025 ਨੂੰ 10 ਗ੍ਰਾਮ ਸੋਨੇ ਦੀ ਕੀਮਤ 1.33 ਲੱਖ ਸੀ ਜੋ ਹੁਣ 1.52 ਲੱਖ ਹੋ ਗਈ ਹੈ।



ਗਿਰਾਵਟ ਦੇਖਣ ਨੂੰ ਮਿਲੀ। ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਇਸ ਦੌਰਾਨ ਚਾਂਦੀ ਦੀ ਕੀਮਤ 2.30 ਲੱਖ ਪ੍ਰਤੀ ਕਿਲੋਗ੍ਰਾਮ ਸੀ ਜੋ ਕਿ ਹੁਣ 2.50 ਲੱਖ ਤੱਕ ਪਹੁੰਚ ਗਈ ਹੈ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਗਿਰਾਵਟ ਦੇਖਣ ਨੂੰ ਮਿਲੀ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਅਨੁਸਾਰ, 10 ਗ੍ਰਾਮ 24 ਕੈਰੇਟ ਸੋਨੇ ਦੀ ਕੀਮਤ 105 ਰੁਪਏ ਡਿੱਗ ਕੇ 152,250 ਰੁਪਏ 'ਤੇ ਪਹੁੰਚ ਗਈ ਹੈ । ਇਸ ਤੋਂ ਪਹਿਲਾਂ 21 ਅਪ੍ਰੈਲ ਨੂੰ ਇਸ ਦੀ ਕੀਮਤ 152,355 ਰੁਪਏ ਪ੍ਰਤੀ 10 ਗ੍ਰਾਮ ਸੀ। ਇਸ ਦੌਰਾਨ ਇੱਕ ਕਿਲੋਗ੍ਰਾਮ ਚਾਂਦੀ ਦੀ ਕੀਮਤ 836 ਰੁਪਏ ਡਿੱਗ ਕੇ 249,677 ਰੁਪਏ 'ਤੇ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ, ਇਸਦੀ ਕੀਮਤ 250,513 ਰੁਪਏ ਪ੍ਰਤੀ ਕਿਲੋਗ੍ਰਾਮ ਸੀ।ਜ਼ਿਕਰਯੋਗ ਹੈ ਕਿ ਇਸ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਲਗਾਤਾਰ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ। 2026 ਵਿੱਚ ਹੁਣ ਤੱਕ ਸੋਨਾ 19,000 ਅਤੇ ਚਾਂਦੀ 20,000 ਮਹਿੰਗਾ ਹੋ ਗਿਆ ਹੈ । 31 ਦਸੰਬਰ 2025 ਨੂੰ 10 ਗ੍ਰਾਮ ਸੋਨੇ ਦੀ ਕੀਮਤ 1.33 ਲੱਖ ਸੀ ਜੋ ਹੁਣ 1.52 ਲੱਖ ਹੋ ਗਈ ਹੈ। ਇਸ ਦੌਰਾਨ ਚਾਂਦੀ ਦੀ ਕੀਮਤ 2.30 ਲੱਖ ਪ੍ਰਤੀ ਕਿਲੋਗ੍ਰਾਮ ਸੀ ਜੋ ਕਿ ਹੁਣ 2.50 ਲੱਖ ਤੱਕ ਪਹੁੰਚ ਗਈ ਹੈ

## ਨਹੀਂ ਚੰਗੀਆਂ ਉਹ ਔਰਤਾਂ ..



ਨਹੀਂ ਚੰਗੀਆਂ ਉਹ ਔਰਤਾਂ ..
ਜੋ ਆਪਣੀ ਅਣਖ, ਸੰਸਕਾਰ, ਸੱਚਾਈ ਨੂੰ ਦਾਅ ਤੇ ਨਹੀਂ ਲਾਉਂਦੀਆਂ..
ਆਪਣਿਆਂ ਤੇ ਵੀ ਜਦ ਅਣਖ, ਸੰਸਕਾਰ, ਅਸੂਲ ਲਾਗੂ ਕਰ ਦੇਂਦੀਆਂ..
ਸਮਝੌਤੇ ਨਕਾਰਦੀਆਂ!
ਤੇ ਉਹ ਸਦਾ ਲਈ ਹਾਰ ਜਾਂਦੀਆਂ..
ਨਹੀਂ ਚੰਗੀਆਂ ਉਹ ਕੁੜੀਆਂ!
ਹਾਰ ਨੂੰ ਜਦ ਉਹ ਜਿਊਂਦੀਆਂ..
ਤੇ ਉਹਨਾਂ ਦੀਆਂ ਹਾਰ ਵਿੱਚ ਮੁਸਕਰਾਹਟਾਂ ...
ਕਿਸੇ ਲਈ ਬੇਸ਼ਰਮੀ..
ਅਤੇ ਕਿਸੇ ਲਈ ਬਾਕਮਾਲ ਹੁੰਦੀਆਂ .... ਬਾਕਮਾਲ !

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਲੁੱਟ...**

ਸਰਕਾਰੀ ਤੰਤਰ ਦੀ ਲੁੱਟ ਤੇ ਕੁੱਟ ਜਨਤਾ ਨੂੰ ਘੁਮਣ ਘੇਰੀ 'ਚ ਫਸਾਈ ਹੀ ਰਖਦੀ ਹੈ। ਮੌਕਾ ਲੱਗਣ 'ਤੇ ਲੋਕ ਵੀ ਤੰਤਰ ਨੂੰ ਸਬਕ ਸਿਖਾਉਣਾ ਨਹੀਂ ਭੁੱਲਦੇ॥ ਲੁੱਟ ਦਾ ਮਾਲ ਅਕਸਰ ਡਾਂਗਾਂ ਦੇ ਗਜ਼ ਹੀ ਵਿਕਦੈ। ਲੁੱਟ ਰਾਹੀਂ ਲੋਟੂ ਧਨੀ ਤਾਂ ਹੋ ਸਕਦੈ ਪਰ ਦਿਲ ਦਾ ਕਮੀਨਾ ਵੀ ਬਣ ਜਾਂਦੈ॥ ਲੋਟੂ ਟੋਲੇ ਦੇ ਜੀ ਹਜ਼ੂਰੀਏ ਵੀ ਜਰੂਰ ਹੁੰਦੇ ਨੇ ਪਰ ਦਿਲੋਂ ਨਫ਼ਰਤ ਕਰਨ ਵਾਲਿਆਂ ਦੀ ਗਿਣਤੀ ਵੀ ਘੱਟ ਨਹੀਂ ਹੁੰਦੀ। ਹਾਂ, ਗੌਂਅ ਭਨਾਵੇ ਜੋਂ। ਸਾਹਮਣੇ ਸੱਚ ਕੋਈ ਨਹੀਂ ਬੋਲਦਾ॥

**ਟਾਲ਼ਾ...**

ਟਾਲ਼ਾ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ। ਝਗੜੇ ਤੋਂ ਬਚੋ। ਸਾਕਾਰਾਤਮਿਕ ਰਹੋ। ਵਕਤ ਜਰੂਰ ਬਦਲੇਗਾ॥ ਟਾਲ਼ ਮਟੋਲ ਦੀ ਨੀਤੀ ਛੱਡੋ। ਵਿਸ਼ਵਾਸ਼ ਘਟਦੈ। ਤਰੱਕੀ ਦੇ ਦਰਵਾਜੇ ਬੰਦ ਹੁੰਦੇ ਜਾਂਦੇ ਨੇ॥ ਬੁਰੀ ਸੰਗਤ ਤੋਂ ਟਾਲ਼ਾ ਵੱਟਣਾ ਸ਼ੁਰੂ ਤਾਂ ਕਰੋ। ਚੰਗੀ ਸੰਗਤ ਦਾ ਹਿੱਸਾ ਜਲਦੀ ਬਨਣ ਲੱਗ ਪਵੋਂਗੇ॥ ਝੇਪ ਜਾਂ ਦਬਾਅ 'ਚ ਰਹਿ ਕੇ ਟਾਲ਼ਾ ਵੱਟਣ ਨਾਲੋਂ ਸ਼ਪੱਸ਼ਟ ਜੁਆਬ ਦੇਵੋ। ਖੱਟ ਪਟ ਤੋਂ ਬਚੇ ਰਹੋਂਗੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਕਹਾਣੀ - ਗੁਆਚਿਆ ਬਲਦ



ਇਕ ਵਾਰ ਇਕ ਨੌਜਵਾਨ ਆਪਣੀ ਜ਼ਿੰਦਗੀ ਤੋਂ ਬਹੁਤ ਪਰੇਸ਼ਾਨ ਤੇ ਖਿੱਝਿਆ ਰਹਿੰਦਾ ਸੀ। ਉਸਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਸਦੀਆਂ ਖੁਸ਼ੀਆਂ ਕਿੱਥੇ ਗੁਆਚ ਗਈਆਂ ਹਨ ਅਤੇ ਕਿਉਂ ਉਸਦੇ ਆਪਣੇ ਹੀ ਉਸ ਤੋਂ ਦੂਰ ਹੋ ਗਏ ਹਨ। ਜਦੋਂ ਵੀ ਉਹ ਕਿਸੇ ਨਾਲ ਬੈਠਣ ਦੀ ਕੋਸ਼ਿਸ਼ ਕਰਦਾ, ਕੋਈ ਨਾ ਕੋਈ ਮਨ-ਮੁਟਾਵ ਹੋ ਜਾਂਦਾ। ਅਖੀਰ ਉਹ ਪਿੰਡ ਦੇ ਇਕ ਸਿਆਣੇ ਬਜ਼ੁਰਗ ਕੋਲ ਪਹੁੰਚਿਆ। ਬਜ਼ੁਰਗ ਨੇ ਉਸਦੀ ਹਾਲਤ ਦੇਖ ਕੇ ਕਿਹਾ, "ਕਾਕਾ, ਤੇਰੀ ਖੁਸ਼ੀ ਉਦੋਂ ਤੋਂ ਚਲੀ ਗਈ ਹੈ ਜਦੋਂ ਦਾ ਤੇਰਾ 'ਬਲਦ' ਗੁਆਚਿਆ ਹੈ। ਜਿੰਨਾ ਚਿਰ ਤੂੰ ਉਸਨੂੰ ਲੱਭ ਕੇ ਕਾਬੂ ਨਹੀਂ ਕਰਦਾ, ਤੇਰਾ ਮਨ ਸ਼ਾਂਤ ਨਹੀਂ ਹੋਵੇਗਾ।"

ਨੌਜਵਾਨ ਉਸ ਬਲਦ ਦੀ ਭਾਲ ਵਿੱਚ ਜੰਗਲ ਚਲਾ ਗਿਆ। ਕਈ ਦਿਨਾਂ ਦੀ ਭਾਲ ਤੋਂ ਬਾਅਦ ਉਸਨੂੰ ਇੱਕ ਬਹੁਤ ਹੀ ਖ਼ਤਰਨਾਕ, ਪੂਤ੍ਰਿਆ ਹੋਇਆ ਜੰਗਲੀ ਸਾਨ੍ਹ ਮਿਲਿਆ। ਉਸ ਸਾਨ੍ਹ ਨੇ ਕਈ ਵਾਰ ਨੌਜਵਾਨ ਨੂੰ ਢੁੱਡਾਂ ਮਾਰ ਕੇ ਲਹੂ-ਲੁਹਾਣ ਕੀਤਾ ਅਤੇ ਝਾੜੀਆਂ ਵਿੱਚ ਸੁੱਟਿਆ। ਨੌਜਵਾਨ ਕਈ ਵਾਰ ਹਿੰਮਤ ਹਾਰਨ ਲੱਗਾ, ਪਰ ਉਸਨੂੰ ਬਜ਼ੁਰਗ ਦੀਆਂ ਗੱਲਾਂ ਚੇਤੇ ਆਈਆਂ। ਉਸਨੇ ਸਮਝ ਲਿਆ ਕਿ ਇਹ ਲੜਾਈ ਸਿਰਫ਼ ਤਾਕਤ ਦੀ ਨਹੀਂ, ਸਗੋਂ ਸਬਰ ਅਤੇ ਦ੍ਰਿੜਤਾ ਦੀ ਹੈ। ਅਖੀਰ, ਆਪਣੇ ਪੂਰੇ ਹੌਸਲੇ ਤੇ ਬੁੱਧੀ ਨਾਲ ਉਸਨੇ ਸਾਨ੍ਹ ਦੇ ਸਿੰਗਾਂ 'ਤੇ ਰੱਸਾ ਪਾਇਆ ਅਤੇ ਉਸਨੂੰ ਕਾਬੂ ਕਰਕੇ ਪਿੰਡ ਲੈ ਆਇਆ।

ਜਦੋਂ ਉਹ ਪਿੰਡ ਵੜਿਆ, ਤਾਂ ਉਸਦੇ ਚਿਹਰੇ 'ਤੇ ਇਕ ਅਜੀਬ ਜਿਹਾ ਸਕੂਨ ਅਤੇ ਜਿੱਤ ਦੀ ਚਮਕ ਸੀ। ਲੋਕਾਂ ਨੂੰ ਹੁਣ ਉਹ ਪਹਿਲਾਂ ਵਾਂਗ ਖਿੱਝਿਆ ਹੋਇਆ ਨਹੀਂ, ਸਗੋਂ ਸ਼ਾਂਤ ਲੱਗ ਰਿਹਾ ਸੀ। ਬਜ਼ੁਰਗ ਨੇ ਮੁਸਕੁਰਾਉਂਦੇ ਹੋਏ ਕਿਹਾ, "ਕਾਕਾ, ਇਹ ਜੰਗਲੀ ਸਾਨ੍ਹ ਅਸਲ ਵਿੱਚ ਤੇਰਾ 'ਹੰਕਾਰ' ਸੀ। ਜਿਵੇਂ-ਜਿਵੇਂ ਤੂੰ ਵੱਡਾ ਹੋਇਆ, ਤੇਰਾ ਹੰਕਾਰ ਤੇਰੇ ਤੋਂ ਬੇਕਾਬੂ ਹੋ ਕੇ ਜੰਗਲੀ ਹੋ ਗਿਆ ਅਤੇ ਤੇਰੇ ਮਨ ਦੇ ਜੰਗਲ ਵਿੱਚ ਭਟਕਣ ਲੱਗਾ। ਜਿੰਨਾ ਚਿਰ ਇਹ ਹੰਕਾਰ ਬੇਲਗਾਮ ਰਹਿੰਦਾ ਹੈ, ਇਨਸਾਨ ਹਮੇਸ਼ਾ ਦੁਖੀ ਅਤੇ ਇਕੱਲਾ ਰਹਿੰਦਾ ਹੈ। ਅੱਜ ਤੂੰ ਆਪਣੇ ਆਪ 'ਤੇ ਕਾਬੂ ਪਾ ਕੇ ਸਭ ਤੋਂ ਵੱਡੀ ਜਿੱਤ ਹਾਸਲ ਕੀਤੀ ਹੈ।"

ਆਪਣੇ ਹੰਕਾਰ ਨੂੰ ਪਛਾਣਨਾ ਅਤੇ ਉਸ 'ਤੇ ਕਾਬੂ ਪਾਉਣਾ ਹੀ ਜੀਵਨ ਦੀ ਸਭ ਤੋਂ ਵੱਡੀ ਸਫਲਤਾ ਹੈ। ਜਦੋਂ ਹੰਕਾਰ ਮਰ ਜਾਂਦਾ ਹੈ, ਤਾਂ ਨਿਮਰਤਾ ਜਨਮ ਲੈਂਦੀ ਹੈ ਅਤੇ ਗੁਆਚੀਆਂ ਖੁਸ਼ੀਆਂ ਆਪਣੇ ਆਪ ਮੁੜ ਆਉਂਦੀਆਂ ਹਨ।

ਜਾਪਾਨੀ ਜ਼ੇਨ ਕਥਾ

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

# ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ



ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ। ਵਿਦਿਆ ਕਿਸੇ ਮਨੁੱਖ ਦੀ ਅਸਲੇ ਜਾਇਦਾਦ ਹੈ। ਵਿਦਿਆ ਕਿਸੇ ਇਸਤਰੀ ਦਾ ਸੁੱਚਾ ਗਹਿਣਾ ਹੈ। ਇਹ ਉਹ ਮਲਕੀਅਤ ਹੈ ਜਿਸ ਨੂੰ ਨਾ ਕੋਈ ਖੋਹ ਸਕਦਾ ਹੈ ਨਾ ਦੱਬ ਸਕਦਾ ਹੈ ਨਾ ਚੋਰੀ ਕਰ ਸਕਦਾ ਹੈ।

ਕਿਸੇ ਦਫਤਰ ਵਿੱਚ ਪਏ ਟੇਬਲ ਦੇ ਕੁਰਸੀ ਵਾਲੇ ਪਾਸੇ ਤੁਹਾਨੂੰ ਸਿਰਫ ਵਿੱਦਿਆ ਹੀ ਬਿਠਾ ਸਕਦੀ ਹੈ। ਵਿਦਿਆ ਤੁਹਾਨੂੰ ਗਿਆਨ ਦਿੰਦੀ ਹੈ ਤੇ ਰੁਜ਼ਗਾਰ ਵੀ ਦਿੰਦੀ ਹੈ। ਵਿਦਿਆ ਤੁਹਾਡੀ ਜ਼ਿੰਦਗੀ ਦੀ ਦਸ਼ਾ ਤੇ ਦਿਸ਼ਾ ਬਦਲ ਦਿੰਦੀ ਹੈ।

ਸਾਡੇ ਕੋਲ ਅਜਿਹੀਆਂ ਬਹੁਤ ਸਾਰੀਆਂ ਸ਼ਖਸੀਅਤਾਂ ਦੀਆਂ ਉਦਾਹਰਨਾਂ ਹਨ ਜਿਨਾਂ ਨੇ ਵਿੱਦਿਆ ਦੇ ਸਿਰ ਤੇ ਉਹ ਮੁਕਾਮ ਹਾਸਿਲ ਕੀਤਾ ਜੋ ਉਹਨਾਂ ਲਈ ਸ਼ਾਇਦ ਕਿਸੇ ਨੇ ਸੋਚਿਆ ਵੀ ਨਹੀਂ ਸੀ। ਜੋ ਮਾਂ ਬਾਪ ਵਿਦਿਆ ਦੀ ਇਸ ਖਾਸੀਅਤ ਨੂੰ ਸਮਝਦੇ ਹਨ ਜੋ ਵਿੱਦਿਆ ਦੀ ਕਦਰ ਕਰਦੇ ਹਨ ਉਹ ਆਪਣੇ ਬੱਚਿਆਂ ਨੂੰ ਪੜਾਉਂਦੇ ਹਨ ਬੇਸ਼ਕ ਆਪ ਅਨਪੜ ਹੀ ਹੋਣ। ਉਹਨਾਂ ਨੂੰ ਲੱਗਦਾ ਹੈ ਕਿ ਸਾਡੇ ਬੱਚੇ ਬਿਹਤਰ ਮਨੁੱਖ ਬਣ ਸਕਣ। ਉਹ ਇਹ ਸੋਚਦੇ ਹਨ ਕਿ ਜ਼ਿੰਦਗੀ ਵਿੱਚ ਜੋ ਸਾਨੂੰ ਹਾਸਲ ਨਹੀਂ ਹੋਇਆ ਉਹ ਸਾਡੇ ਬੱਚਿਆਂ ਨੂੰ ਮਿਲੇ। ਅਮੀਰੀ ਤੇ ਗਰੀਬੀ ਵਿਚਲਾ ਫਰਕ ਮਿਟਾਉਣ ਲਈ ਵਿਦਿਆ ਦੀ ਰੌਸ਼ਨੀ ਬੜੀ ਜਰੂਰੀ ਹੈ। ਵਿਦਿਆ ਇੱਕ ਚਾਨਣ ਮੁਨਾਰੇ ਵਾਂਗ ਤੁਹਾਡੇ ਰਾਹ ਰੁਸ਼ਨਾਉਂਦੀ ਹੈ।

ਮਾਂ ਬਾਪ ਆਪ ਤੰਗੀਆਂ ਤੁਰਸ਼ੀਆਂ ਕੱਟ ਕੇ ਵੀ ਆਪਣੇ ਬੱਚਿਆਂ ਨੂੰ ਪੜਾਉਂਦੇ ਹਨ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਆਸ ਵਿੱਚ।

ਇੱਕ ਤਸਵੀਰ ਸਾਂਝੀ ਕਰ ਰਹੇ ਹਾਂ ਜਿਸ ਵਿੱਚ ਇੱਕ ਮਾਂ ਸਵੇਰੇ ਸਵੇਰੇ ਆਪਣੇ ਬੱਚੇ ਨੂੰ ਸਕੂਲ ਛੱਡਣ ਜਾ ਰਹੀ ਸੀ। ਸਾਈਕਲ ਚਲਾਉਣ ਦੀ ਉਸ ਮਾਂ ਨੇ ਆਪਣੇ ਬੱਚੇ ਨੂੰ ਪਿੱਛੇ ਬਿਠਾਇਆ ਹੋਇਆ ਸੀ। ਮੈਂ ਪਿੱਛੋਂ ਹੀ ਉਹਨਾਂ ਦੀ ਤਸਵੀਰ ਖਿੱਚੀ ਪਰ ਮੈਂ ਇਹ ਮਹਿਸੂਸ ਕੀਤਾ ਕਿ ਉਹ ਮਾਂ ਬੜੇ ਚਾਅ ਨਾਲ ਆਪਣੇ ਬੱਚੇ ਨੂੰ ਸਕੂਲ ਵਿੱਚ ਛੱਡਣ ਜਾ ਰਹੀ ਹੈ। ਸਕੂਲ ਜੋ ਉਸਦੇ ਬੱਚੇ ਦੇ ਲਈ ਇੱਕ ਸੁਨਹਿਰੀ ਜ਼ਿੰਦਗੀ ਦਾ ਦਰਵਾਜ਼ਾ ਖੋਲੇਗਾ। ਉਸਦੀਆਂ ਉਮੀਦਾਂ ਉਸਦੇ ਚਾਅ ਉਸਦੇ ਸਾਈਕਲ ਚਲਾਉਣ ਦੀ ਗਤੀ ਵਿੱਚੋਂ ਨਜ਼ਰ ਆ ਰਹੇ ਸੀ।

ਕਿੰਨੇ ਸੁਫਨੇ ਹਨ ਇਹਨਾਂ ਅੱਖਾਂ ਵਿੱਚ ਜੋ ਆਪਣੇ ਬੱਚਿਆਂ ਲਈ ਵੇਖੇ ਜਾਂਦੇ ਹਨ। ਕਿੰਨੀਆਂ ਉਮੀਦਾਂ ਹਨ ਜ਼ਿੰਦਗੀ ਦੀ ਬਿਹਤਰੀ ਦੀਆਂ। ਹਰ ਬੱਚਾ ਪੜ੍ਹੇ ਤਾਂ ਦੁਨੀਆਂ ਦਾ ਮੁਹਾਂਦਰਾ ਹੀ ਬਦਲ ਜਾਵੇਗਾ। ਪਹਿਲਾਂ ਜਦੋਂ ਸਿਰਫ ਸਿੱਖਿਆ ਅਭਿਆਨ ਦੀ ਮਸ਼ਹੂਰੀ ਆਉਂਦੀ ਸੀ ਤੇ ਉਸ ਵਿੱਚ ਬੱਚੇ ਦੌੜਦੇ ਹੋਏ ਸਕੂਲ ਜਾਂਦੇ ਸਨ ਉਹ ਹਮੇਸ਼ਾ ਹੀ ਮੈਨੂੰ ਬਹੁਤ ਚੰਗੀ ਲੱਗਦੀ ਸੀ। ਨਿੱਜੀ ਤੌਰ ਤੇ ਮੇਰਾ ਮੰਨਣਾ ਹੈ ਕਿ ਜੇਕਰ ਸਕੂਲ ਵਿੱਚ ਤੁਸੀਂ ਜ਼ਿਆਦਾ ਕੁਝ ਨਹੀਂ ਕਰ ਸਕਦੇ ਤਾਂ ਇਹਨਾਂ ਬੱਚਿਆਂ ਨੂੰ ਪੜਾਉਣ ਦੇ ਨਾਲ ਨਾਲ ਇਹਨਾਂ ਨੂੰ ਬਹੁਤ ਸਾਰਾ ਪਿਆਰ ਦਿਓ। ਇਹ ਛੋਟੇ ਬੱਚੇ ਜ਼ਿੰਦਗੀ ਦੀਆਂ ਬਹੁਤ ਮਹਿਰੂਮੀਆਂ ਦੇਖਦੇ ਹਨ। ਇਹਨਾਂ ਲਈ ਪੜ੍ਹਾਈ ਸੰਜੀਵਨੀ ਬੂਟੀ ਹੈ। ਵੈਸੇ ਵੀ
ਵਿਦਿਆ ਵੀਚਾਰੀ ਤਾਂ ਪਰਉਪਕਾਰੀ

# ਸਾਹਿਤ ਆਪਣੀ ਹੁਸ਼ਿਆਰੀ ਜਾਂ ਬੁੱਧੀ ਨੂੰ ਚੰਗੇ ਕੰਮਾਂ ਲਈ ਆਪਣੇ ਜੀਵਨ ਨੂੰ ਸੁੱਖੀ ਅਤੇ ਵਧੀਆ ਬਣਾਉਣ ਲਈ ਵਰਤੋ

## ਹੁਸ਼ਿਆਰ ਹੋਣਾ ਬਹੁਤ ਚੰਗੀ ਗੱਲ ਹੈ ਪਰ ਦੂਜਿਆਂ ਨੂੰ ਮੂਰਖ ਸਮਝਣਾ ਸਭ ਤੋਂ ਵੱਡੀ ਮੂਰਖਤਾ ਹੈ


ਹੁਸ਼ਿਆਰ ਹੋਣਾ ਬਹੁਤ ਚੰਗੀ ਗੱਲ ਹੈ ਪਰ ਦੂਜਿਆਂ ਨੂੰ ਮੂਰਖ ਸਮਝਣਾ ਸਭ ਤੋਂ ਵੱਡੀ ਮੂਰਖਤਾ ਹੈ...!! ਆਪਣੀ ਹੁਸ਼ਿਆਰੀ ਜਾਂ ਬੁੱਧੀ ਨੂੰ ਚੰਗੇ ਕੰਮਾਂ ਲਈ ਆਪਣੇ ਜੀਵਨ ਨੂੰ ਸੁੱਖੀ ਅਤੇ ਵਧੀਆ ਬਣਾਉਣ ਲਈ ਵਰਤੋ ਤੁਹਾਡੀ ਹੁਸ਼ਿਆਰੀ ਇਸ ਤਰ੍ਹਾਂ ਦੀ ਹੋਵੇ ਕਿ ਕੋਈ ਵੀ ਤੁਹਾਨੂੰ ਮੂਰਖ ਨਾ ਬਣਾ ਸਕੇ ਪਰ ਇਸਦੇ ਉੱਲਟ ਇਹ ਨਾ ਹੋਵੇ ਕਿ ਤੁਸੀਂ ਹੁਸ਼ਿਆਰ ਹੋ ਤਾਂ ਲੋਕਾਂ ਨੂੰ ਹੀ ਮੂਰਖ ਬਣਾਈ ਜਾਓ ਇਹ ਮਾੜੀ ਗੱਲ ਹੈ । ਪ੍ਰਮਾਤਮਾ ਸਾਨੂੰ ਬੁੱਧੀ ਬਖਸ਼ਦਾ ਹੈ ਕਿ ਇਸ ਬੁੱਧੀ ਦੇ ਇਸਤੇਮਾਲ ਨਾਲ ਅਸੀਂ ਆਪਣਾ ਜੀਵਨ ਸੋਹਣਾ ਬਣਾਈਏ ਅਤੇ ਆਪਣੇ ਸਮਾਜ ਆਪਣੇ ਦੇਸ਼ ਲਈ ਕੁੱਝ ਕਰੀਏ ,ਸਾਡਾ ਬੁੱਧੀਮਾਨ ,ਹੁਸ਼ਿਆਰ ਹੋਣ ਦੀ ਸਮਾਜ ਨੂੰ ਕੋਈ ਦੇਣ ਹੋਵੇ ,ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਅਸੀਂ ਆਪਣੀ ਹੁਸ਼ਿਆਰੀ ਬੁੱਧੀ ਨਾਲ ਕਿਸੇ ਦਾ ਮਾੜਾ ਸੋਚੀਏ ਅਤੇ ਕਰਦੇ ਫਿਰੀਏ ,ਮੈਨੂੰ ਕਿਸੇ ਨੇ ਗੱਲ ਸੁਣਾਈ ਕਿ ਇੱਕ ਬੰਦੇ ਨੇ ਆਪਣੇ ਪਰਿਵਾਰ ਵਿੱਚ ਹੀ ਇੱਕ ਵਿਅਕਤੀ ਨਾਲ ਏਨਾ ਮਾੜਾ ਕੀਤਾ ਕਿ ਉਹ ਵਿਚਾਰਾ ਭੋਲਾ ਸੀ ਉਸਦਾ ਨਵਾਂ ਨਵਾਂ ਵਿਆਹ ਹੋਇਆ ਕਦੀ ਉਹਨੂੰ ਬੁੱਲੇਟ ਮੋਟਰਸਾਈਕਲ ਕਢਵਾ ਦਿੱਤਾ ਓਹ ਚਾਰ ਕੁ ਦਿਨ ਦੋਵੇਂ ਜੀਅ ਨਵੇਂ ਵਿਆਹ ਦੇ ਚਾਅ ਵਿੱਚ ਬੁੱਲੇਟ ਤੇ ਗੇੜੀਆਂ ਲਾਉਂਦੇ ਰਹੇ ,ਹੌਲੀ ਹੌਲੀ ਇਹੋ ਜਿਹੀਆਂ ਚੀਜ਼ਾਂ ਲੈਕੇ ਦਿੰਦੇ ਦਿੰਦੇ ਨੇ ਸਾਰੀ ਪੈਲੀ ਆਪਣੇ ਨਾਂ ਲਗਵਾ ਛੱਡੀ , ਉਹਨਾਂ ਨੂੰ ਤੇ ਕੰਗਾਲ ਕਰਤਾ ਓਹ ਭਲਾ ਆਦਮੀ ਹੁਣ ਦਿਹਾੜੀ ਕਰਦਾ ਫਿਰਦਾ ਜੋ ਕੁੱਝ ਸੀ ਚਲਾਕ ਨੇ ਆਪਣੇ ਨਾਂ ਲਗਵਾ ਲਿਆ ਅਤੇ ਹੁਸ਼ਿਆਰ ਦਾ ਆਪਣਾ ਹਾਲ ਹੁਣ ਇਹੋ ਜਿਹਾ ਕਿ ਛੋਟੀ ਉਮਰ ਵਿੱਚ ਹੀ ਹੁਣ ਹਸਪਤਾਲ ਦੇ ਮੰਜੇ ਤੇ ਪਿਆ,ਹੁਣ ਰੱਬ ਨੂੰ ਯਾਦ ਕਰੀ ਜਾਵੇ ਤਾਂ ਕੀ ਫਾਇਦਾ ਜਦੋਂ ਅੱਗਾ ਨੇੜੇ ਆਇਆ ਹੋਵੇ ਸੋ ਬੁੱਧੀ ਹੁਸ਼ਿਆਰੀ ਪ੍ਰਮਾਤਮਾ ਦੀ ਬਖਸ਼ੀ ਹੋਈ ਆ ਇਸਨੂੰ ਆਪਣੇ ਅਤੇ ਸਮਾਜ ਦੇ ਭਲੇ ਲਈ ਵਰਤੋ ਜਿਸ ਨਾਲ ਤੁਸੀਂ ਵਧੀਕੀ ਕਰਦੇ ਹੋ ਉਹ ਭੋਲਾ ਹੋ ਸਕਦਾ ਤੇ ਜਿੰਨੇ ਤੈਨੂੰ ਬਣਾਇਆ,ਪੈਦਾ ਕੀਤਾ, ਜਿਸਨੇ ਤੈਨੂੰ ਹੁਸ਼ਿਆਰੀ ਬਖਸ਼ੀ ਕੀ ਉਹ ਤੈਨੂੰ ਸਮਝਦਾ ਨਹੀਂ ?ਉਸਦੇ ਅੱਗੇ ਤੇਰੀ ਕੀ ਹਸਤੀ ਉਹ ਪਲ ਵਿੱਚ ਤੈਨੂੰ ਖਤਮ ਕਰ ਸਕਦਾ ਹੈ ਸੋ ਉਸਦੀ ਹੋਂਦ ਨੂੰ ਮਨੁੱਖ ਨੂੰ ਕਦੇ ਅਣਗੌਲਿਆਂ ਨਹੀਂ ਕਰਨਾ ਚਾਹੀਦਾ ,ਸਭ ਕੁੱਝ ਦੇਣ ਵਾਲਾ ਉਹ ਪ੍ਰਮਾਤਮਾ ਹੈ।

✍️ਹਰਵਿੰਦਰ ਕੌਰ ਕਾਹਲੋਂ



ਹਰਵਿੰਦਰ ਕੌਰ ਕਾਹਲੋਂ

# ਵਿਸ਼ਵ ਧਰਤੀ ਦਿਵਸ....ਵਿਸ਼ਵ ਧਰਤੀ ਦਿਵਸ



ਵਿਸ਼ਵ ਧਰਤੀ ਦਿਵਸ....
ਵਿਸ਼ਵ ਧਰਤੀ ਦਿਵਸ

ਧਰਤੀ ਦਿਵਸ ਮਨਾਉਣ ਵਾਲਿਉ।
ਧਰਤੀ ਮਾਂ ਨੂੰ ਚਾਹੁਣ ਵਾਲਿਉ।
ਕਿੰਨਾ ਕੁ ਲੋਕਾਂ ਨੂੰ ਸਮਝਾਇਆ।
ਕੀ ਤੁਸੀਂ ਧਰਤੀ ਮਾਂ ਨੂੰ, ਇਨਸਾਫ਼ ਦਿਵਾਇਆ।
ਹਰ ਰੋਜ਼ ਲੱਖਾਂ ਰੁੱਖ ,ਕੁਹਾੜੇ ਦੀ ਭੇਂਟ ਹਨ ਚੜ੍ਹਦੇ।
ਜਾਂ ਫਿਰ ਲੱਗੀਆਂ ਅੱਗਾਂ ਵਿੱਚ ਸੜ੍ਹਦੇ।
ਪੰਜ ਆਬਾਂ ਦਾ ਪਾਣੀ ਘਟਦਾ ਜਾਵੇ।
ਕੋਈ ਵੀ ਪਾਣੀ ਦੀ ਕਦਰ ਨਾ ਪਾਵੇ।
ਸੂਏ,ਟੋਭੇ, ਛੱਪੜ, ਕਈ ਗੰਦੇ ਨਾਲੇ।
ਕੂੜਾ ਕਰਕਟ ਅਤੇ ਲਿਫਾਫਿਆਂ ਨੇ ਖਾ ਲਏ।
ਸੜਕਾਂ ਹੋ ਗਈ ਆ ਚੌੜੀਆਂ,ਰੁੱਖਾਂ ਤੋ ਵਾਂਝੀਆਂ
ਸੁੰਨਸਾਨ ਪਈਆ ਨੇ ਪਿੰਡਾਂ ਵਿੱਚ ਥਾਵਾਂ ਸਾਂਝੀਆਂ।
ਕਿਸਾਨ ਵੀ ਹੋ ਗਿਆ ਸਿਆਣਾ ,ਬੰਨੇ ਰੁੱਖ ਨਾ ਲਗਾਵੇ।
ਲੰਘਿਆ ਵੇਲਾ ਜੱਟਾਂ ,ਕਦੇ ਹੱਥ ਨਾ ਆਵੇ।
ਵਾਤਾਵਰਨ ਪ੍ਰੇਮੀਆਂ ,ਚੰਗਾ ਜੋਰ ਲਗਾਇਆ।
ਮੁਫਤ ਵੰਡੇ ਸੀ ਬੂਟੇ ,ਹਰਿਆ ਪੰਜਾਬ ਬਣਾਇਆ।
ਆਉ ਸਾਰੇ ਇੱਕ ਅਹਿਦ ਕਮਾਇਐ।
ਜਨਮ ਦਿਨ ਤੇ ਹੀ ਸਹੀ ਇੱਕ ਬੂਟਾ ਲਗਾਈਏ।
ਜਿੰਨੇ ਸਾਲ ਜਿਓਣਾ ਉਂਨੇ ਹੀ ਬੂਟੇ ਲਾਉ।
ਧਰਤੀ ਮਾਂ ਦੀ ਕੁੱਖ ਨੂੰ ਸੁੰਨੀ ਹੋਣ ਤੋਂ ਬਚਾਉ।
ਪਵਨੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ।
ਗੁਰੂਆਂ ਨੇ ਵੀ ਬਾਣੀ ਵਿੱਚ ਦਿੱਤੀ ਇਹੀ ਮੱਤ।
ਰਮਨਦੀਪ ਕੌਰ

# ਸਮਾਜਿਕ ਮੁੱਦਿਆਂ ਅਤੇ ਭਾਈਚਾਰੇ ਦੀ ਸਾਂਝ ਨੂੰ ਬਚਾਉਣ ਲਈ ਪਾਇਆ ਸਾਂਝਾ ਮਤਾ



**ਨਿਦਣਯੋਗ ਕੰਮ ਕਰਨ ਵਾਲੇ ਨੌਜਵਾਨਾਂ ਨਾਲ ਸਾਂਝ ਤੋੜਣ ਦਾ ਕੀਤਾ ਐਲਾਨ।**

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 22 ਅਪ੍ਰੈਲ ਪਿੰਡ ਪੰਡੋਰੀ ਸਿੱਧਵਾਂ ਵਿੱਚ ਗ੍ਰਾਮ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਦੀ ਵੱਡੀ ਇਕੱਠ ਦੌਰਾਨ ਸਮਾਜਿਕ ਮੁੱਦਿਆਂ ਅਤੇ ਭਾਈਚਾਰੇ ਦੀ ਸਾਂਝ ਨੂੰ ਬਚਾਉਣ ਲਈ ਇੱਕ ਅਹਿਮ ਫੈਸਲਾ ਲਿਆ ਗਿਆ। ਇਕੱਠ ਵਿੱਚ ਪਿੰਡ ਦੇ ਇੱਕ ਨੌਜਵਾਨ ਵੱਲੋ ਕੀਤੀ ਮਾੜੀ ਨਿਦਣਯੋਗ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਂਝਾ ਮਤਾ ਪਾਸ ਕੀਤਾ ਗਿਆ।ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਇਕਸੁਰ ਹੋ ਕੇ ਕਿਹਾ ਕਿ ਅਜਿਹੀਆਂ ਹਰਕਤਾਂ ਨਾਲ ਸਮਾਜਿਕ ਰਿਸ਼ਤਿਆਂ ਨੂੰ ਭਾਰੀ ਢਾਹ ਪੈਂਦੀ ਹੈ ਅਤੇ ਪਿੰਡ ਦੀ ਇਕਜੁਟਤਾ ਨੂੰ ਨੁਕਸਾਨ ਪਹੁੰਚਦਾ ਹੈ। ਇਸ ਲਈ ਇਹ ਫੈਸਲਾ ਕੀਤਾ ਗਿਆ ਕਿ ਅਜਿਹੀਆਂ ਨਿਦਣਯੋਗ ਘਟਨਾ ਨੂੰ ਅੰਜਾਮ ਦੇਣ ਵਾਲੇ ਪਿੰਡ ਨਿਵਾਸੀ ਪਰਿਵਾਰਾਂ ਨਾਲ ਪਿੰਡ ਦੀ ਸਮਾਜਕ ਸਾਂਝ ਪੂਰੀ ਤਰ੍ਹਾਂ ਤੋੜ ਦਿੱਤੀ ਜਾਵੇਗੀ ਅਤੇ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਹੀਂ ਰੱਖਿਆ ਜਾਵੇਗਾ।ਪਿੰਡ ਵਾਸੀਆਂ ਨੇ ਜ਼ੋਰ ਦਿੱਤਾ ਕਿ ਅਜਿਹੀਆਂ ਘਟਨਾਵਾਂ ਅਗਲੀ ਪੀੜ੍ਹੀ 'ਤੇ ਮਾੜਾ ਅਸਰ ਛੱਡਦੀਆਂ ਹਨ, ਇਸ ਲਈ ਸਮਾਜ ਨੂੰ ਇਕਜੁੱਟ ਹੋ ਕੇ ਇਨ੍ਹਾਂ ਖ਼ਿਲਾਫ਼ ਸਖ਼ਤ ਰੁਖ ਅਪਣਾਉਣਾ ਲਾਜ਼ਮੀ ਹੈ।ਇਸ ਮੌਕੇ ਸਰਪੰਚ ਕਿਰਨ ਕਿਰਪਾਲ ਸਿੰਘ, ਸਾਬਕਾ ਸਰਪੰਚ ਸੰਦੀਪ ਕੌਰ, ਸਾਬਕਾ ਸਰਪੰਚ ਸਵਿੰਦਰ ਸਿੰਘ ਭੱਲੂ, ਸਾਬਕਾ ਚੇਅਰਮੈਨ ਸੁਖਬੀਰ ਸਿੰਘ, ਮੈਂਬਰ ਮਨਜੀਤ ਕੌਰ, ਪ੍ਰਭਜੀਤ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ, ਸਮਾਜ ਸੇਵੀ ਚਰਨਜੀਤ ਸਿੰਘ ਸਿੱਧੂ, ਕੇਵਲ ਸਿੰਘ ਸਿੱਧੂ, ਸੁਖਵਿੰਦਰ ਸਿੰਘ ਭਾਈਕੇ, ਸੁਖਰਾਜ ਸਿੰਘ, ਸੁਖਜਿੰਦਰ ਸਿੰਘ, ਪ੍ਰਭਜੋਤ ਸਿੰਘ ਸ਼ਾਹ, ਮੋਹਨ ਸਿੰਘ, ਹਰਪਾਲ ਸਿੰਘ, ਦੀਦਾਰ ਸਿੰਘ ਪਹਿਲਵਾਨ, ਕਿਸਾਨ ਆਗੂ ਹਰਪ੍ਰੀਤ ਸਿੰਘ, ਬਾਬਾ ਨਿਰਮਲ ਸਿੰਘ, ਰਸ਼ਪਾਲ ਅਤੇ ਰਾਜ ਕੌਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਰਹੇ।ਪਿੰਡ ਪੰਡੋਰੀ ਸਿੱਧਵਾਂ ਵਿੱਚ ਗ੍ਰਾਮ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਦਾ ਇਕੱਠ ਅਤੇ ਸਮਾਜਿਕ ਮੁੱਦਿਆਂ ਅਤੇ ਭਾਈਚਾਰੇ ਦੀ ਸਾਂਝ ਨੂੰ ਬਚਾਉਣ ਲਈ ਇੱਕ ਅਹਿਮ ਫੈਸਲਾ ਦਾ ਮਤੇ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਪਿੰਡ ਨਿਵਾਸੀ ਅਤੇ ਮੁਹਤਬਰ ਵਿਆਕਤੀ

# ਐਕਟ, 2026' ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ




**ਜਲੰਧਰ ਦੇ ਰਹਿਣ ਵਾਲੇ ਸਮਾਜਿਕ ਕਾਰਕੁਨ ਸਿਮਰਨਜੀਤ ਸਿੰਘ ਵੱਲੋਂ ਦਾਇਰ।**

ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' (ਪੰਜਾਬ ਐਕਟ ਨੰਬਰ 7, 2026) ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ। ਜਲੰਧਰ ਦੇ ਰਹਿਣ ਵਾਲੇ ਸਮਾਜਿਕ ਕਾਰਕੁਨ ਸਿਮਰਨਜੀਤ ਸਿੰਘ ਵੱਲੋਂ ਦਾਇਰ ਇਸ ਜਨਹਿਤ ਪਟੀਸ਼ਨ (PIL) ਵਿੱਚ ਇਸ ਐਕਟ ਨੂੰ ਗੈਰ-ਸੰਵਿਧਾਨਕ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਗਈ ਹੈ।

ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਇਸ ਐਕਟ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਸ਼ਾਮਲ ਹਨ, ਜੋ ਕਿ 'ਸਮਵਰਤੀ ਸੂਚੀ' (Concurrent List) ਦਾ ਵਿਸ਼ਾ ਹੈ । ਸੰਵਿਧਾਨ ਦੀ ਧਾਰਾ 254(2) ਅਨੁਸਾਰ, ਅਜਿਹੇ ਕਾਨੂੰਨ ਲਈ ਭਾਰਤ ਦੇ ਰਾਸ਼ਟਰਪਤੀ ਦੀ ਮਨਜ਼ੂਰੀ ਲਾਜ਼ਮੀ ਹੈ, ਜਦੋਂ ਕਿ ਇਸ ਐਕਟ ਨੂੰ ਸਿਰਫ਼ ਰਾਜਪਾਲ ਦੀ ਸਹਿਮਤੀ ਨਾਲ ਹੀ ਨੋਟੀਫਾਈ ਕਰ ਦਿੱਤਾ ਗਿਆ ਹੈ। ਪਟੀਸ਼ਨ ਅਨੁਸਾਰ, ਸਿਰਫ਼ ਇੱਕ ਵਿਸ਼ੇਸ਼ ਧਾਰਮਿਕ ਗ੍ਰੰਥ ਲਈ ਵੱਖਰਾ ਅਤੇ ਸਖ਼ਤ ਅਪਰਾਧਿਕ ਢਾਂਚਾ ਤਿਆਰ ਕਰਨਾ ਸੰਵਿਧਾਨ ਦੇ 'ਧਰਮ ਨਿਰਪੱਖਤਾ' ਦੇ ਮੂਲ ਢਾਂਚੇ ਅਤੇ ਧਾਰਾ 14 (ਬਰਾਬਰੀ ਦਾ ਅਧਿਕਾਰ) ਦੀ ਉਲੰਘਣਾ ਹੈ।

ਐਕਟ ਦੀ ਧਾਰਾ 5 (3) ਤਹਿਤ ਬੇਅਦਬੀ ਦੀ ਸਾਜ਼ਿਸ਼ ਲਈ ਉਮਰ ਕੈਦ ਦੀ ਸਜ਼ਾ ਨੂੰ ਪਟੀਸ਼ਨਰ ਨੇ 'ਮਨਮਾਨੀ' ਅਤੇ ਗੈਰ-ਵਾਜਬ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇੱਕ ਗੈਰ-ਹਿੰਸਕ ਅਪਰਾਧ ਲਈ ਕਤਲ ਦੇ ਬਰਾਬਰ ਸਜ਼ਾ ਦੇਣਾ ਤਰਕਹੀਣ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਬੇਅਦਬੀ' ਦੀ ਪਰਿਭਾਸ਼ਾ ਇੰਨੀ ਵਿਆਪਕ ਅਤੇ ਅਸਪਸ਼ਟ ਹੈ ਕਿ ਇਹ ਬੋਲਣ ਦੀ ਆਜ਼ਾਦੀ (ਧਾਰਾ 19) 'ਤੇ ਮਾੜਾ ਪ੍ਰਭਾਵ ਪਾ ਸਕਦੀ ਹੈ।

ਪਟੀਸ਼ਨਰ ਨੇ ਅਦਾਲਤ ਤੋਂ ਇਸ ਐਕਟ 'ਤੇ ਤੁਰੰਤ ਅੰਤਰਿਮ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਕਟ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਹੋਰ ਸੰਸਥਾਵਾਂ ਨੂੰ 45 ਦਿਨਾਂ ਦੇ ਅੰਦਰ ਸਾਰੇ 'ਸਰੂਪਾਂ' ਦਾ ਕੇਂਦਰੀ ਰਜਿਸਟਰ ਤਿਆਰ ਕਰਨ ਦਾ ਹੁਕਮ ਦਿੱਤਾ ਗਿਆ ਹੈ। ਜੇਕਰ ਇਸ ਦੀ ਪਾਲਣਾ ਨਹੀਂ ਹੁੰਦੀ, ਤਾਂ ਸਬੰਧਤ ਪੱਖਾਂ ਨੂੰ ਸਖ਼ਤ ਫੌਜਦਾਰੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਈ ਕੋਰਟ ਵੱਲੋਂ ਇਸ ਮਾਮਲੇ 'ਤੇ ਜਲਦੀ ਸੁਣਵਾਈ ਕੀਤੇ ਜਾਣ ਦੀ ਉਮੀਦ ਹੈ।

# ਸ਼ੇਰੋ ਖੰਡ ਮਿੱਲ ਮਾਮਲੇ 'ਚ ਕਿਸਾਨਾਂ ਦਾ ਉਬਾਲ, ਸਰਕਾਰ ਖ਼ਿਲਾਫ਼ ਜੰਡੋਕੇ ਸਰਹਾਲੀ 'ਚ ਗੂੰਜਿਆ ਰੋਸ



**"ਪੱਕੇ ਮੋਰਚੇ ਤੱਕ ਸੰਘਰਸ਼ ਜਾਰੀ ਰਹੇਗਾ"—ਸੰਯੁਕਤ ਕਿਸਾਨ ਮੋਰਚਾ; ਪਿੰਡ ਵਾਸੀਆਂ ਵੱਲੋਂ ਡੱਟ ਕੇ ਸਾਥ ਦਾ ਐਲਾਨ।**

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ, 22 ਅਪ੍ਰੈਲ

ਸਹਿਕਾਰੀ ਖੰਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਅਤੇ ਜਬਰੀ ਉਸਾਰੀ ਦੇ ਵਿਰੋਧ 'ਚ ਬੁੱਧਵਾਰ ਨੂੰ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਹੇਠ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਪਿੰਡ ਜੰਡੋਕੇ ਸਰਹਾਲੀ ਵਿਖੇ ਵੱਡੀ ਇਕੱਤਰਤਾ ਕੀਤੀ ਗਈ। ਇਸ ਦੌਰਾਨ ਕਿਸਾਨਾਂ ਨੇ ਪੰਜਾਬ ਸਰਕਾਰ ਵਿਰੁੱਧ ਤਿੱਖਾ ਰੋਸ ਪ੍ਰਦਰਸ਼ਨ ਕਰਦੇ ਹੋਏ ਨਾਅਰੇਬਾਜ਼ੀ ਕੀਤੀ ਅਤੇ ਆਪਣਾ ਗੁੱਸਾ ਜਾਹਿਰ ਕੀਤਾ।

ਮੀਟਿੰਗ ਦੀ ਪ੍ਰਧਾਨਗੀ ਅੰਗਰੇਜ਼ ਸਿੰਘ (ਇਕਾਈ ਪ੍ਰਧਾਨ, ਸਰਹਾਲੀ ਖੁਰਦ) ਨੇ ਕੀਤੀ। ਇਸ ਮੌਕੇ ਨਛੱਤਰ ਸਿੰਘ ਪੰਨੂ (ਜ਼ਿਲ੍ਹਾ ਪ੍ਰਧਾਨ, ਕਿਰਤੀ ਕਿਸਾਨ ਯੂਨੀਅਨ), ਤਰਸੇਮ ਸਿੰਘ ਲੁਹਾਰ (ਜ਼ਿਲ੍ਹਾ ਪ੍ਰਧਾਨ, ਕੌਮੀ ਕਿਸਾਨ ਯੂਨੀਅਨ), ਮਨਜੀਤ ਸਿੰਘ ਬੱਗੂ (ਜ਼ਿਲ੍ਹਾ ਪ੍ਰਧਾਨ, ਜਮਹੂਰੀ ਕਿਸਾਨ ਸਭਾ), ਮੇਹਰ ਸਿੰਘ ਸਖੀਰਾ (ਬੀਕੇਯੂ ਉਗਰਾਹਾਂ) ਅਤੇ ਸਰਦਾਰਾ ਸਿੰਘ ਸਖੀਰਾ ਸਮੇਤ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਸਰਕਾਰ ਦੀ ਕਾਰਵਾਈ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ।

ਬੁਲਾਰਿਆਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਕਿਸਾਨਾਂ ਨੂੰ ਬਦਲਵੀ ਖੇਤੀ ਅਪਣਾਉਣ ਲਈ ਕਹਿ ਰਹੀ ਹੈ, ਜਦਕਿ ਦੂਜੇ ਪਾਸੇ ਖੰਡ ਮਿੱਲਾਂ ਬੰਦ ਕਰਕੇ ਗੰਨੇ ਦੀ ਖੇਤੀ ਨੂੰ ਹੀ ਖਤਰੇ ਵਿੱਚ ਪਾਇਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਜਬਰੀ ਤੌਰ 'ਤੇ ਮੋਰਚੇ ਵਾਲੀ ਥਾਂ ਤੋਂ ਹਟਾ ਕੇ ਜੇਲਾਂ ਵਿੱਚ ਡੱਕਿਆ ਗਿਆ, ਹਾਲਾਂਕਿ ਜਥੇਬੰਦੀ ਦਬਾਅ ਹੇਠ ਉਨ੍ਹਾਂ ਨੂੰ ਰਿਹਾਅ ਕਰਨਾ ਪਿਆ।

ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਮੁੜ ਪੱਕਾ ਮੋਰਚਾ ਲਗਾਇਆ ਜਾਵੇਗਾ ਅਤੇ ਸਰਕਾਰ ਨੂੰ ਮਿੱਲ ਮੁੜ ਚਾਲੂ ਕਰਨ ਲਈ ਮਜਬੂਰ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਗੁਦਾਮ ਬਣਾਉਣ ਤੋਂ ਪਹਿਲਾਂ ਨਾ ਤਾਂ ਵਾਤਾਵਰਣ ਅਤੇ ਨਾ ਹੀ ਸਿਹਤ ਸੰਬੰਧੀ ਕੋਈ ਸਰਵੇਖਣ ਕਰਵਾਇਆ ਗਿਆ, ਜੋ ਲੋਕਾਂ ਦੇ ਹੱਕਾਂ ਨਾਲ ਖਿਲਵਾੜ ਹੈ।

ਕਿਸਾਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਮਿੱਲ ਕਿਸਾਨਾਂ ਦੇ ਸ਼ੇਅਰਾਂ ਨਾਲ ਬਣੀ ਹੋਈ ਹੈ, ਇਸ ਲਈ ਸਰਕਾਰ ਨੂੰ ਇਸ ਦੀ ਮਾਲਕੀ ਬਦਲਣ ਦਾ ਕੋਈ ਅਧਿਕਾਰ ਨਹੀਂ। ਪੱਕੇ ਮੋਰਚੇ ਲਈ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦਾ ਭਰੋਸਾ ਦਿੱਤਾ।

ਇਸ ਮੌਕੇ ਨਾਜਰ ਸਿੰਘ, ਸੁਖਦੇਵ ਸਿੰਘ ਜਵੰਦਾ, ਇੰਦਰ ਸਿੰਘ ਖੱਬੇ, ਤਾਰਾ ਸਿੰਘ, ਕਸ਼ਮੀਰ ਸਿੰਘ, ਗੁਰਮੁਖ ਸਿੰਘ, ਸੁਖਜੀਤ ਸਿੰਘ, ਨਿਰਮਲ ਸਿੰਘ ਸੋਨੀ, ਮੁਖਤਾਰ ਸਿੰਘ, ਜਸਬੀਰ ਸਿੰਘ, ਜਗਵੰਤ ਸਿੰਘ ਸਖੀਰਾ ਅਤੇ ਖਜਾਨ ਸਿੰਘ (ਸਰਪੰਚ) ਸਮੇਤ ਕਈ ਪਿੰਡ ਵਾਸੀਆਂ ਨੇ ਭਾਗ ਲਿਆ।

ਪ੍ਰਦਰਸ਼ਨ ਦੇ ਅੰਤ 'ਚ ਕਿਸਾਨਾਂ ਵੱਲੋਂ ਜੰਡੋਕੇ ਸਰਹਾਲੀ ਬੱਸ ਸਟੈਂਡ 'ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਆਪਣਾ ਤਿੱਖਾ ਵਿਰੋਧ ਦਰਜ ਕਰਵਾਇਆ ਗਿਆ, ਜਿਸ ਨਾਲ ਇਲਾਕੇ ਵਿੱਚ ਮਾਹੌਲ ਗਰਮਾ ਗਿਆ।



# ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿੱਚ ਪ੍ਰਿਥਵੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।



**ਚੋਹਲਾ ਸਾਹਿਬ 22 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਇਸ ਕਾਲਜ ਵਿੱਚ ਵਿਦਿਆ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਬਾਖੂਬੀ ਨਿਭਾ ਰਿਹਾ ਹੈ। ਕਾਲਜ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇਣ ਦੇ ਨਾਲ ਉਨ੍ਹਾਂ ਦੀ ਸ਼ਖਸੀਅਤ ਉਸਾਰੀ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਹੈ।ਇਸੇ ਮਕਸਦ ਨਾਲ ਅੱਜ ਕਾਲਜ ਵਿੱਚ ਪ੍ਰਿਥਵੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵਾਤਾਵਰਣ ਦੀ ਸੁਰੱਖਿਆ ਲਈ ਆਪਣਾ ਯੋਗਦਾਨ ਦੇਣ ਦਾ ਸੰਕਲਪ ਲਿਆ।ਪ੍ਰਿਥਵੀ ਦਿਵਸ ਦੀ ਸ਼ੁਰੂਆਤ ਰੁੱਖ ਲਗਾਉਣ ਦੀ ਮੁਹਿੰਮ ਨਾਲ ਹੋਈ। ਵਿਦਿਆਰਥੀਆਂ ਨੇ ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ ਅਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਵਾਅਦਾ ਕੀਤਾ। ਇਸ ਤੋਂ ਬਾਅਦ ਸਫ਼ਾਈ ਅਭਿਆਨ ਚਲਾਇਆ ਗਿਆ, ਜਿਸ ਵਿੱਚ ਕਾਲਜ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਸਾਫ਼ ਕੀਤਾ ਗਿਆ। ਵਿਦਿਆਰਥੀਆਂ ਵੱਲੋਂ "ਧਰਤੀ ਬਚਾਓ, ਜੀਵਨ ਬਚਾਓ" ਵਰਗੇ ਵਿਸ਼ਿਆਂ 'ਤੇ ਪੋਸਟਰ ਬਣਾਉਣ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਨ੍ਹਾਂ ਗਤੀਵਿਧੀਆਂ ਦਾ ਮਕਸਦ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨਾ ਸੀ। ਕੁਝ ਵਿਦਿਆਰਥੀਆਂ ਨੇ ਵਾਤਾਵਰਣ ਸੰਬੰਧੀ ਨਾਟਕ ਵੀ ਪੇਸ਼ ਕੀਤੇ, ਜੋ ਕਾਫੀ ਪ੍ਰਭਾਵਸ਼ਾਲੀ ਰਹੇ।ਭਾਸ਼ਣ ਮੁਕਾਬਲੇ ਵਿੱਚ ਅਮਰਜੀਤ ਕੌਰ ਨੇ ਪਹਿਲਾ, ਨੰਦਨੀ ਨੇ ਦੂਜਾ ਅਤੇ ਜਸ਼ਨਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਪੋਸਟਰ ਬਣਾਉਣ ਦੇ ਮੁਕਾਬਲੇ ਵਿੱਚ ਹਰਸਿਮਰਤ ਕੌਰ ਪਹਿਲੇ, ਅਰਸ਼ਪ੍ਰੀਤ ਕੌਰ ਦੂਜੇ ਅਤੇ ਸਿਮਰਨਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੇ।ਪ੍ਰਿੰਸੀਪਲ ਡਾ. ਜਸਬੀਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਧਰਤੀ ਨੂੰ ਬਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਕਿਹਾ ਕਿ ਹਰ ਵਿਅਕਤੀ ਨੂੰ ਛੋਟੇ-ਛੋਟੇ ਕਦਮ ਚੁੱਕਣੇ ਚਾਹੀਦੇ ਹਨ, ਜਿਵੇਂ ਕਿ ਪਲਾਸਟਿਕ ਦੀ ਵਰਤੋਂ ਘਟਾਉਣਾ, ਪਾਣੀ ਦੀ ਬਚਤ ਕਰਨੀ ਅਤੇ ਵੱਧ ਤੋਂ ਵੱਧ ਰੁੱਖ ਲਗਾਉਣੇ। ਇਸ ਮੌਕੇ ਤੇ ਇਕੋ ਕਲੱਬ ਦੇ ਇੰਚਾਰਜ ਡਾਕਟਰ ਕਵਲਪ੍ਰੀਤ ਕੌਰ, ਕੋਆਰਡੀਨੇਟਰ ਮੈਡਮ ਜੈਦੀਪ, ਐਨ.ਸੀ.ਸੀ ਅਤੇ ਐਨ.ਐਸ.ਐਸ ਦੇ ਇੰਚਾਰਜ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ





**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**


# ਗੁਰੂ ਅਰਜਨ ਦੇਵ ਪਬਲਿਕ ਸਕੂਲ ਵਿਖੇ 'ਧਰਤੀ ਦਿਵਸ' ਦੇ ਸੰਬੰਧ ਵਿੱਚ ਕਰਵਾਏ ਪੋਸਟਰ ਮੁਕਾਬਲੇ




## ਪ੍ਰਿੰਸੀਪਲ ਡਾ.ਖਹਿਰਾ ਨੇ ਦੱਸਿਆ ਧਰਤੀ ਦਿਵਸ ਦਾ ਇਤਿਹਾਸ।

ਚੋਹਲਾ ਸਾਹਿਬ 22 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਅੱਜ ਸਥਾਨਕ ਗੁਰੂ ਅਰਜਨ ਦੇਵ ਪਬਲਿਕ ਸਕੂਲ ਵਿਖੇ, ਬੱਚਿਆਂ ਨੂੰ, ਧਰਤੀ ਮਾਤਾ ਦੀ ਮਹੱਤਤਾ, ਅਤੇ ਇਸਨੂੰ ਦਰਪੇਸ਼ ਚਣੌਤੀਆਂ, ਅਤੇ ਇਸ ਪ੍ਰਤੀ ਸਾਡੀ ਪੀੜ੍ਹੀ ਦੇ ਫਰਜ਼ਾਂ ਅਤੇ ਜਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨ ਲਈ, ਇੱਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਦੇ ਭਾਸ਼ਣ ਮੁਕਾਬਲੇ ਅਤੇ ਪੋਸਟਰ ਬਨਾਉਣ ਦੇ ਮੁਕਾਬਲੇ ਕਰਵਾਏ ਗਏ। ਬੱਚਿਆਂ ਨੇ ਆਪਣੇ ਗੀਤਾਂ, ਪੋਸਟਰਾਂ ਅਤੇ ਭਾਸ਼ਣਾਂ ਰਾਹੀਂ ਗਲੋਬਲ ਵਾਰਮਿੰਗ, ਵਧ ਰਹੇ ਪ੍ਰਦੂਸ਼ਣ, ਗੰਧਲੇ ਹੋ ਰਹੇ ਵਾਤਾਵਰਨ ਬਾਰੇ ਕਈ ਪਰਤਾਂ ਖੋਹਲਦਿਆਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਸਮੇਂ ਬੋਲਦਿਆਂ ਪ੍ਰਿੰਸੀਪਲ ਡਾ.ਪਰਮਿੰਦਰ ਕੌਰ ਖਹਿਰਾ ਨੇ ਦੱਸਿਆ ਕਿ ਸ਼ੁਰੂ ਵਿੱਚ ਇਹ ਦਿਨ 1970 ਵਿੱਚ ਅਮਰੀਕਾ ਵਿੱਚ ਮਨਾਇਆ ਗਿਆ ਸੀ ਪਰ ਬਾਅਦ ਵਿੱਚ 1990 ਵਿੱਚ ਇਸ ਦਿਨ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ, ਇਹ ਦਿਨ ਅੰਤਰਰਾਸ਼ਟਰੀ ਤੌਰ 'ਤੇ ਮਨਾਇਆ ਜਾਣ ਲੱਗਾ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਧਰਤੀ ਦੀ ਮਹਤੱਤਾ ਨੂੰ ਸਮਝਦਿਆਂ ਹੋਇਆਂ, ਕਈ ਸਦੀਆਂ ਪਹਿਲਾਂ ਹੀ ਧਰਤੀ ਨੂੰ ਮਾਤਾ, ਹਵਾ ਨੂੰ ਗੁਰੂ ਅਤੇ ਪਾਣੀ ਨੂੰ ਪਿਤਾ ਦਾ ਦਰਜ਼ਾ ਦੇਕੇ, ਸਾਨੂੰ ਵਾਤਾਵਰਣ ਦੀ ਸੰਭਾਲ ਕਰਨ ਦਾ ਉਪਦੇਸ਼ ਦਿੱਤਾ ਸੀ ਪਰ ਅਸੀਂ ਗੁਰੂ ਜੀ ਦੀ ਸਿੱਖਿਆ ਤੋਂ ਮੂੰਹ ਮੋੜਕੇ, ਇਸ ਮਾਂ -ਰੂਪੀ ਧਰਤੀ, ਅਤੇ ਸਮੁੱਚੇ ਵਾਤਾਵਰਣ ਨੂੰ ਪਲੀਤ ਕਰਨ ਦੇ ਕੁਕਰਮ ਕਰਨ ਦਾ ਪਾਪ ਕਮਾ ਰਹੇ ਹਾਂ। ਉਹਨਾਂ ਨੇ ਬੱਚਿਆਂ ਨੂੰ ਬਹੁਤ ਭਾਵੁਕ ਅਪੀਲ ਕਰਦਿਆਂ ਕਿਹਾ ਕਿ, ਜੇਕਰ ਮਨੁੱਖ ਨੇ ਇਸ ਮਾਂ ਧਰਤੀ ਸਮੇਤ, ਸਾਡੇ ਅੰਮ੍ਰਿਤ ਵਰਗੇ ਪਾਣੀ ਅਤੇ ਹਵਾ ਨੂੰ ਬਚਾਉਣ ਲਈ ਹੁਣ ਤੋਂ ਹੀ ਉਪਰਾਲੇ ਨਾ ਕੀਤੇ ਤਾਂ ਇਸਦਾ ਖਮਿਆਜ਼ਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭੁਗਤਣ ਲਈ ਸਰਾਪੀਆਂ ਜਾਣਗੀਆਂ. ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ. ਰਵੀ ਇੰਦਰ ਸਿੰਘ ਗਿੱਲ ਸਭਰਾ ਨੇ ਬੱਚਿਆਂ ਸਮੇਤ ਸਮੁੱਚੇ ਪੰਜਾਬੀਆਂ ਨੂੰ, ਵਾਤਾਵਰਣ ਦੀ ਸੰਭਾਲ ਲਈ ਯਤਨਸ਼ੀਲ ਹੋਣ ਦੀ ਅਪੀਲ ਕੀਤੀ। ਇਹਨਾਂ ਤੋਂ ਇਲਾਵਾ ਹਰਜੀਤ ਕੌਰ ਸੰਧੂ ਨੇ ਦੱਸਿਆ ਕਿ ਮੈਡਮ ਜਸ਼ਨਪ੍ਰੀਤ ਅਤੇ ਨਵਪ੍ਰੀਤ ਕੌਰ ਦੀ ਸੁਚੱਜੀ ਅਗਵਾਈ ਵਿੱਚ ਇਹ ਸਾਰਾ ਪ੍ਰੋਗਰਾਮ ਸਿਰੇ ਚੜ੍ਹਿਆ ਹੈ। ਪੋਸਟਰ ਮੁਕਾਬਲਿਆਂ ਵਿੱਚ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ। ਮੈਡਮ ਨਵਨੀਤ ਕੌਰ,ਹਰਸਿਮਰਨ ਕੌਰ,ਜਸਦੀਪ ਕੌਰ,ਹਰਪ੍ਰੀਤ ਕੌਰ,ਰਮਨਦੀਪ ਕੌਰ,ਮਨਜੀਤ ਕੌਰ,ਨਰਿੰਦਰ ਕੌਰ ਮਨਜਿੰਦਰ ਕੌਰ ਅਕਸ਼ਦੀਪ ਕੌਰ, ਸੰਦੀਪ ਕੌਰ ਅਰਸ਼ਨੂਰ ਕੌਰ ਅਤੇ ਬਾਕੀ ਸਟਾਫ਼ ਹਾਜ਼ਿਰ ਸਨ।

# ਫ਼ੀਲਡ ਜਰਨਲਿਸਟ ਵੈਲਫ਼ੇਅਰ ਐਸੋਸ਼ੀਏਸ਼ਨ ਨੇ ਕੀਤੀ ਡੀ ਪੀ ਆਰ ਉ ਹਰਦੇਵ ਸਿੰਘ ਨਾਲ ਵਿਸ਼ੇਸ਼ ਮੀਟਿੰਗ,,,



**ਪੱਤਰਕਾਰਾਂ ਦੇ ਪੀਲੇ ਕਾਰਡ ਬਣਾਉਣ ਬਾਰੇ ਕੀਤਾਂ ਵਿਚਾਰ ਵਟਾਂਦਰਾ |**

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ 22 ਅਪ੍ਰੈਲ

ਜਿਲ੍ਹਾ ਤਰਨ ਤਾਰਨ ਦੇ ਨਵ ਨਿਯੁਕਤ ਡੀ ਪੀ ਆਰ ਉ ਹਰਦੇਵ ਸਿੰਘ ਦਾ ਤਰਨ ਤਾਰਨ ਲੱਗਣ ਤੇ ਅੱਜ ਫ਼ੀਲਡ ਜਰਨਲਿਸਟ ਵੈਲਫ਼ੇਅਰ ਐਸੋਸ਼ੀਏਸ਼ਨ ਦੇ ਵਫਦ ਨੇ ਨਿੱਘਾ ਸਵਾਗਤ ਕੀਤਾ ਇਸ ਮੌਕੇ ਤੇ ਫ਼ੀਲਡ ਜਰਨਲਿਸਟ ਵੈਲਫ਼ੇਅਰ ਐਸੋਸ਼ੀਏਸ਼ਨ ਦੇ ਪੰਜਾਬ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ, ਜਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਬੰਟੀ ਜਰਨਲ ਸਕੱਤਰ ਕੁਲਦੀਪ ਸਿੰਘ ਦੀਪਾ, ਵਿਜੈ ਭਾਰਗਵ ਅਤੇ ਜੀਵਨ ਕੁਮਾਰ ਹਾਜ਼ਰ ਸਨ

ਪੱਤਰਕਾਰਾਂ ਦੇ ਵਫਦ ਨੇ ਗੱਲਬਾਤ ਕਰਦਿਆਂ ਡੀ ਪੀ ਆਰ ਉ ਨੂੰ ਜ਼ਿਲ੍ਹੇ ਵਿਚ ਪੱਤਰਕਾਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਤੋਂ ਜਾਣੂ ਕਰਾਇਆ ਗਿਆ, ਪੰਜਾਬ ਪ੍ਰਧਾਨ ਪੁਸ਼ਪਿੰਦਰ ਸਿੰਘ ਬੰਟੀ ਨੇ ਡੀ ਪੀ ਆਰ ਉ ਨਾਲ ਵਿਚਾਰ ਕਰਦਿਆਂ ਦੱਸਿਆ ਕੀ ਹਰ ਵਾਰ ਵਿਭਾਗ ਵੱਲੋ ਪੀਲੇ ਕਾਰਡ ਬਣਾਉਣ ਲੱਗਿਆ ਪੱਤਰਕਾਰਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਕਈ ਵਾਰ ਫ਼ੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਦੇ ਪੀਲੇ ਕਾਰਡ ਨਾਂ ਬਣਾ ਕੇ ਸਗੋਂ ਕੁੱਝ ਚਹੇਤੇ ਪੱਤਰਕਾਰਾਂ ਦੇ ਪੀਲੇ ਕਾਰਡ ਬਣਦੇ ਹਨ ਇਸ ਕਾਰਨ ਪੱਤਰਕਾਰਾਂ ਵਿੱਚ ਰੋਸ ਰਹਿੰਦਾ ਹੈ ਜਿਸ ਤੇ ਡੀ ਪੀ ਆਰ ਉ ਹਰਦੇਵ ਸਿੰਘ ਨੇ ਭਰੋਸਾ ਯਤਾਇਆ ਕਿ ਕਿਸੇ ਵੀ ਪੱਤਰਕਾਰ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ ਅਤੇ ਜਿਨ੍ਹਾਂ ਪੱਤਰਕਾਰਾਂ ਦੇ ਫਾਰਮਾਂ ਵਿੱਚ ਸ਼ਰਤਾਂ ਪੁਰੀਆ ਹਨ ਉਨ੍ਹਾਂ ਦੇ ਪੀਲੇ ਕਾਰਡ ਜਰੂਰ ਬਣਨਗੇ,

ਡੀ ਪੀ ਆਰ ਉ ਹਰਦੇਵ ਸਿੰਘ ਨੇ ਕਿਹਾ ਕਿ ਪੱਤਰਕਾਰਾਂ ਦੇ ਤਾਲਮੇਲ ਲਈ ਉਹ ਹਮੇਸ਼ਾਂ ਪੱਤਰਕਾਰਾਂ ਨਾਲ ਖੜ੍ਹੇ ਹਨ ਅਤੇ ਜਿੱਥੇ ਵੀ ਕੋਈ ਪ੍ਰਸ਼ਾਸਨ ਵੱਲੋ ਕਿੱਤੇ ਮੁਸ਼ਕਿਲ ਆਉਂਦੀ ਹੈ ਤਾਂ ਉਹ ਪੱਤਰਕਾਰਾਂ ਉਹਨਾਂ ਨਾਲ ਕਿਸੇ ਵੇਲ਼ੇ ਵੀ ਸੰਪਰਕ ਕਰ ਸਕਦੇ ਹਨ ਉਹ ਹਮੇਸ਼ਾਂ ਪਹਿਲ ਦੇ ਅਧਾਰ ਤੇ ਪੱਤਰਕਾਰਾਂ ਦੀਆ ਮੁਸ਼ਕਲਾਂ ਨੂੰ ਹੱਲ ਕਰਨ ਲਈ ਯਤਨਸ਼ੀਲ ਰਹਿਣਗੇ।

